# ਸਹਾਇਕ ਰਿਟਰਨਿੰਗ ਅਫਸਰ, 094 ਤਲਵੰਡੀ ਸਾਬੋ-ਕਮ-
# ਉਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ

ਨੰਬਰ/-6168 ਚੋਣਾਂ/ਤਸਾਬੋ (6154-) ਮਿਤੀ 18-5-24

ਵੱਲ ,

(1) ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਸਿੱਖਿਆ, ਬਠਿੰਡਾ ।
(2) ਜ਼ਿਲਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ,ਬਠਿੰਡਾ ।
(3) ਡਾਇਰੈਕਟਰ, ਪੰਜਾਬੀ ਯੂਨੀਵਰਸਿਟੀ ਗੁਰੂ ਕਾਂਸੀ ਕੈਂਪਸ ਤਲਵੰਡੀ ਸਾਬੋ।
(4) ਸਕੱਤਰ ,ਮਾਰਕਿਟ ਕਮੇਟੀ ਰਾਮਾਂ।
(5) ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ , ਤਲਵੰਡੀ ਸਾਬੋ।
(6) ਕਾਰਜ ਸਾਧਕ ਅਫਸਰ , ਨਗਰ ਕੌਂਸਲ ਰਾਮਾ ।
(7) ਪ੍ਰਿੰਸੀਪਲ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਤਲਵੰਡੀ ਸਾਬੋ (ਲੜਕੇ)।
(8) ਪ੍ਰਿੰਸੀਪਲ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਤਲਵੰਡੀ ਸਾਬੋ (ਲੜਕੀਆਂ)।
(9) ਪ੍ਰਿੰਸੀਪਲ ਹਿੰਦੂ ਹਾਈ ਸਕੂਲ , ਰਾਮਾਂ ।
(10) ਪ੍ਰਿੰਸੀਪਲ ਆਰਿਆ ਹਾਈ ਸਕੂਲ , ਰਾਮਾ ।

ਵਿਸ਼ਾ- ਲੋਕ ਸਭਾ ਚੋਣਾਂ 2024 : ਪੋਲਿੰਗ ਬੂਥਾਂ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਲੋਕ ਸਭਾ ਲਈ ਚੋਣਾਂ 01.06.2024 ਨੂੰ ਹੋਣ ਜਾ ਰਹੀਆਂ ਹਨ । ਜਿਸ ਸਬੰਧੀ 094 ਤਲਵੰਡੀ ਸਾਬੋ ਹਲਕੇ ਦੇ ਬੂਥ ਆਪ ਦੀਆਂ ਸੰਸਥਾਵਾਂ ਦੀਆਂ ਬਿਲਡਿੰਗਾਂ ਵਿੱਚ ਹਨ ।ਇਹਨਾਂ ਬੂਥਾਂ ਸਬੰਧੀ ਬਿਲਡਿੰਗਾਂ ਵਿਚਲੀਆਂ ਹੇਠ ਲਿਖੇ ਅਨੁਸਾਰ ਮੁਢਲੀਆਂ ਸਹੂਲਤਾਂ ਦੀ ਜਾਂਚ ਚੰਗੀ ਤਰਾਂ ਕਰ ਲਈ ਜਾਵੇ ਅਤੇ ਲੋੜ ਅਨੁਸਾਰ ਰਿਪੇਅਰ/ਪ੍ਰਬੰਧ ਕਰਵਾ ਲਏ ਜਾਣ -

(1) ਪੋਲਿੰਗ ਸਟੇਸ਼ਨ ਲੋਕੇਸ਼ਨਾਂ ਤੇ ਜੇਕਰ ਜਰਨੇਟਰ/ਇੰਨਵਰਟਰ ਦੀ ਵਿਵਸਥਾ ਹੈ ਅਤੇ ਚਾਲੂ ਹਾਲਤ ਵਿੱਚ ਨਹੀਂ ਹਨ , ਉਹਨਾਂ ਦੀ ਰੀਪੇਅਰ ਕਰਵਾ ਕੇ ਤੁਰੰਤ ਚਾਲੂ ਹਾਲਤ ਵਿੱਚ ਕਰਵਾਇਆ ਜਾਵੇ।
(2) ਪੋਲਿੰਗ ਸਟੇਸ਼ਨ ਲੋਕੇਸ਼ਨਾਂ ਤੇ ਜੇਕਰ ਆਰ.ਓ ਵਾਟਰ ਸਿਸਟਮ ਦੀ ਵਿਵਸਥਾ ਹੈ ਅਤੇ ਚਾਲੂ ਹਾਲਤ ਵਿੱਚ ਨਹੀਂ ਹਨ , ਉਹਨਾਂ ਦੀ ਰੀਪੇਅਰ ਕਰਵਾ ਕੇ ਤੁਰੰਤ ਚਾਲੂ ਹਾਲਤ ਵਿੱਚ ਕਰਵਾਇਆ ਜਾਵੇ।
(3) ਪੋਲਿੰਗ ਸਟੇਸ਼ਨ ਲੋਕੇਸ਼ਨ ਦੀ ਬਿਜਲੀ ਸਪਲਾਈ ਚੈਕ ਕੀਤੀ ਜਾਵੇ ਅਤੇ ਸਬੰਧਤ ਕਮਰਿਆਂ ਵਿੱਚ ਰੋਸ਼ਨੀ ਦਾ ਪ੍ਰਬੰਧ ਕਰਨ ਲਈ ਬੱਲਬ ਆਦਿ ਲਗਵਾ ਦਿੱਤੇ ਜਾਣ।
(4) ਪੋਲਿੰਗ ਸਟੇਸ਼ਨ ਲੋਕੇਸ਼ਨ ਤੇ ਬੂਥਾਂ ਦੇ ਕਮਰਿਆਂ ਵਿੱਚ ਲੱਗੇ ਸੀਲਿੰਗ ਫੈਨ/ਕੂਲਰ ਚਾਲੂ ਹਾਲਾਤ ਵਿੱਚ ਕੀਤੇ ਜਾਣ।
(5) ਪੋਲਿੰਗ ਸਟੇਸ਼ਨਾਂ ਲੋਕੇਸ਼ਨਾਂ ਤੇ ਪੋਲਿੰਗ ਪਾਰਟੀਆਂ ਲਈ ਲੋੜੀਂਦੇ ਫਰਨੀਚਰ ਆਦਿ ਉਪਲਭਧ ਕਰਵਾਇਆ ਜਾਵੇ।
(6) ਕਈ ਪੋਲਿੰਗ ਸਟੇਸ਼ਨਾਂ ਤੇ ਬਾਥਰੂਮ ਪ੍ਰਬੰਧ ਠੀਕ ਨਹੀਂ ਹਨ , ਇਸ ਲਈ ਬਾਥਰੂਮਾਂ ਨੂੰ ਚਾਲੂ ਹਾਲਤ ਵਿੱਚ ਕੀਤਾ ਜਾਵੇ ਅਤੇ ਸਫਾਈ ਆਦਿ ਕਰਵਾਈ ਜਾਵੇ।
7) ਪੋਲਿੰਗ ਸਟੇਸ਼ਨ ਬਿਲਡਿੰਗਾਂ ਲਈ ਸਫਾਈ ਪ੍ਰਬੰਧ ਲਈ ਇੱਕ ਦਰਜਾ ਚਾਰ ਕਰਮਚਾਰੀ ਦੀ ਪੱਕੀ ਡਿਊਟੀ ਲਗਾਈ ਜਾਵੇ ਅਤ ਪੂਰਨ ਸਫਾਈ ਕਰਵਾਈ ਜਾਵੇ।

# ਸਹਾਇਕ ਰਿਟਰਨਿੰਗ ਅਫਸਰ, 094 ਤਲਵੰਡੀ ਸਾਬੋ-ਕਮ-
# ਉਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ

ਨੰ/- ਚੋਣਾਂ/ਤਸਾਬੋ ਮਿਤੀ

(8) ਪੋਲਿੰਗ ਸਟੇਸ਼ਨਾਂ ਤੇ ਰੈਂਪ ਅਤੇ ਰੇਲਿੰਗ ਦੀ ਵਿਵਸਥਾ ਯਕੀਨੀ ਬਣਾਈ ਜਾਵੇ।

(9) ਪੋਲਿੰਗ ਸਟੇਸ਼ਲਾਂ ਦੇ ਕਮਰਿਆਂ ਦੇ ਦਰਵਾਜੇ , ਖਿੜਕੀਆਂ ਆਦਿ ਚੈਕ ਕੀਤੀਆਂ ਜਾਣ ਅਤੇ ਲੋੜੀਂਦੀ ਮੁਰੰਮਤ ਕਰਵਾਈ ਜਾਵੇ।

ਇਹਨਾਂ ਹਦਾਇਤਾਂ ਦੀ ਇੰਨ- ਬਿੰਨ ਪਾਲ਼ਣਾ ਕੀਤੀ ਜਾਵੇ ਅਤੇ ਕਿਸੇ ਕਿਸਮ ਦੀ ਪਾਲਣਾ ਨਾਂ ਹੋਣ ਦੀ ਸੂਰਤ ਵਿੱਚ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 134 ਤਹਿਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਸਹਾਇਕ ਰਿਟਰਨਿੰਗ ਅਫਸਰ 094 ਤਲਵੰਡੀ ਸਾਬੋ
-ਕਮ-ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

ਪਿੱਠ:ਅੰਕਣ:ਨੰਬਰ....6769-72..../ਚੋਣਾਂ ਮਿਤੀ....18-5-24........

ਉਪਰੋਕਤ ਦਾ ਉਤਾਰਾ-

(19) ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।

(20) ਤਹਿਸੀਲਦਾਰ ਤਲਵੰਡੀ ਸਾਬੋ (ਏ.ਆਰ.ਓ 1) ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ।

(21) ਬੀ.ਡੀ.ਪੀ.ਓ ਤਲਵੰਡੀ ਸਾਬੋ (ਏ.ਆਰ.ਓ 2) ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ।

(22) ਸਮੂਹ ਸੁਪਰਵਾਈਜਰ 094 ਤਲਵੰਡੀ ਸਾਬੋ ਨੂੰ ਲਿਖਿਆ ਜਾਂਦਾ ਹੈ ਕਿ ਆਪਣੀ ਨਿਗਰਾਨੀ ਹੇਠ ਉਕਤ ਅਨੁਸਾਰ ਸੁਵਿਧਾਵਾਂ ਨੂੰ ਪੂਰਾ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਸਹਾਇਕ ਰਿਟਰਨਿੰਗ ਅਫਸਰ 094 ਤਲਵੰਡੀ ਸਾਬੋ
-ਕਮ-ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿਠ ਅੰਕਣ ਨੰ :ਜੀ-1/4 ( )2024/ 6800 ਮਿਤੀ: 21/05/2024
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਤੁਰੰਤ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।